ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਵੱਲੋ ਪਿੰਡ ਸੁਜਾਤਵਾਲ, ਚੂਹੜਵਾਲ ਦੀ 2,56,435 ਟਨ ਪ੍ਰਤੀ ਸਾਲ ਦੇ ਹਿਸਾਬ ਨਾਲ ਸਥਿਤ 16.03 ਹੈਕਟੇਅਰ ਦੇ ਖੇਤਰ ਵਿੱਚ ਅਤੇ ਪਿੰਡ ਜਮਾਲਪੁਰ ਲੇਲੀ-ਕਸਾਬਾਦ ਦੀ 3,69,590 ਟਨ ਪ੍ਰਤੀ ਸਾਲ ਦੇ ਹਿਸਾਬ ਨਾਲ ਸਥਿਤ 22.56 ਹੈਕਟੇਅਰ ਦੇ ਖੇਤਰ ਵਿੱਚ ਰੇਤ ਮਾਈਨਿੰਗ ਕਰਨ ਲਈ ਲਗਾਈ ਅਰਜੀ ਸਬੰਧੀ ਈ.ਆਈ.ਏ ਨੋਟੀਫਿਕੇਸ਼ਨ ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਪ੍ਰਾਪਤ ਕਰਨ ਲਈ ਮਿਤੀ 09.01.2024 ਨੂੰ ਹੋਈ ਜਨਤਕ ਸੁਣਵਾਈ ਦੀ ਕਾਰਵਾਈ।

ਕਾਰਵਾਈ ਦੀ ਨਿਗਰਾਨੀ ਕਰਨ ਲਈ ਹੇਠ ਲਿਖੇ ਵਿਅਕਤੀ ਮੌਜੂਦ ਸਨ:-

1. ਸ਼੍ਰੀ. ਰਜਨੀਸ਼ ਅਰੋੜਾ, ਪੀ.ਸੀ.ਐਸ
   ਉਪ ਮੰਡਲ ਮੈਜਿਸਟਰੇਟ,
   ਲੁਧਿਆਣਾ (ਪੂਰਬੀ)।
2. ਇੰਜੀ: ਭੀਸ਼ਮ,
   ਸਹਾਇਕ ਵਾਤਾਵਰਨ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,
   ਖੇਤਰੀ ਦਫ਼ਤਰ-3, ਲੁਧਿਆਣਾ।
3. ਸ਼੍ਰੀ. ਰਾਜਵੀਰ ਸਿੰਘ,
   ਫੰਕਸ਼ਨਲ ਮੈਨੇਜਰ,
   ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ—3, ਲੁਧਿਆਣਾ ਨੇ ਸੁਪਰਵਾਈਜ਼ਿੰਗ—ਕਮ—ਪ੍ਰੀਜ਼ਾਈਡਿੰਗ ਅਧਿਕਾਰੀ ਅਤੇ ਨਾਲ ਲੱਗਦੇ ਪਿੰਡਾਂ ਤੋ ਆਏ ਲੋਕਾ ਦਾ ਸਵਾਗਤ ਕੀਤਾ, ਜੋ ਕਿ ਇਸ ਪ੍ਰਾਜੈਕਟ ਦੀ ਜਨਤਕ ਸੁਣਵਾਈ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਦੁਆਰਾ ਪਿੰਡ ਸੁਜਾਤਵਾਲ, ਚੂਹੜਵਾਲ ਅਤੇ ਜਮਾਲਪੁਰ ਲੇਲੀ-ਕਸਾਬ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ ਵਿਖੇ ਸਤਲੁਜ਼ ਦਰਿਆ ਵਿੱਚੋਂ ਰੇਤੇ ਦੀ ਨਿਕਾਸੀ ਲਈ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਨਵੀਂ ਦਿੱਲੀ ਦੇ ਦਫ਼ਤਰ ਵਿੱਚ ਈ.ਆਈ.ਏ ਨੋਟੀਫਿਕੇਸ਼ਨ ਨੰ. 1533 (ਈ) ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਲਈ ਬਿਨੈ ਪੱਤਰ ਦਾਇਰ ਕੀਤਾ ਹੈ।

ਇਸ ਤੋਂ ਬਾਅਦ ਉਨ੍ਹਾਂ ਵੱਲੋ ਜ਼ਿਲ੍ਹਾ ਮਾਈਨਿੰਗ ਅਫ਼ਸਰ, ਲੁਧਿਆਣਾ ਦੇ ਨੁਮਾਇੰਦੇ ਨੂੰ ਇਸ ਪ੍ਰਾਜੈਕਟ ਬਾਰੇ ਸੰਖੇਪ ਪੇਸ਼ਕਾਰੀ ਦੇਣ ਲਈ ਬੇਨਤੀ ਕੀਤੀ। ਹਰਮਨਪ੍ਰੀਤ ਕੌਰ, ਸਲਾਹਕਾਰ, ਮੈਸਰਜ਼ ਈਕੋ ਪਰਿਆਵਰਣ ਲੈਬਾਰਟਰੀਜ਼ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਨੇ ਪ੍ਰੋਜੈਕਟ ਪ੍ਰਸਤਾਵ ਦੇ ਵੇਰਵੇ ਹੇਠ ਲਿਖੇ ਅਨੁਸਾਰ ਲੋਕਾਂ ਸਾਹਮਣੇ ਪੇਸ਼ ਕੀਤੇ:

- ਪਿੰਡ ਸੁਜਾਤਵਾਲ ਅਤੇ ਚੂਹੜਵਾਲ ਲਈ ਕੁੱਲ ਰਕਬਾ 16.03 ਹੈਕਟੇਅਰ (ਹੈ) ਤੇ ਪ੍ਰਸਤਾਵਿਤ ਖਣਨਯੋਗ ਖੇਤਰ 13.19 ਹੈਕਟੇਅਰ (ਹੈ) ਅਤੇ ਪਿੰਡ ਜਮਾਲਪੁਰ ਲੇਲੀ ਅਤੇ ਕਾਸਾਬਾਦ ਲਈ ਕੁੱਲ ਰਕਬਾ 22.56 ਹੈਕਟੇਅਰ (ਹੈ) ਤੇ ਪ੍ਰਸਤਾਵਿਤ ਖਣਨਯੋਗ ਖੇਤਰ 18.49 ਹੈਕਟੇਅਰ (ਹੈ) ਹੈ।

- ਸਾਈਟ ਤੋਂ ਤਿੰਨ ਸਾਲਾਂ ਲਈ ਰੇਤ ਦੀ ਖੁਦਾਈ ਕੀਤੀ ਜਾਵੇਗੀ ਅਤੇ ਰੇਤ ਦੀ ਖੁਦਾਈ ਦੀ ਸਮਰੱਥਾ ਕ੍ਰਮਵਾਰ 2,56,435 ਟਨ ਪ੍ਰਤੀ ਸਾਲ ਅਤੇ 3,69,590 ਟਨ ਪ੍ਰਤੀ ਸਾਲ ਹੋਵੇਗੀ।
- ਈ.ਆਈ.ਏ. ਦੀ ਰਿਪੋਰਟ ਤਿਆਰ ਕਰਨ ਲਈ ਰੈਫ਼ਰੈਂਸ ਦੀਆਂ ਸ਼ਰਤਾਂ (ਟੀ.ਓ.ਆਰ.) SEIAA ਦੇ ਪੱਤਰ ਨੰਬਰ SEIAA/MS/2023/1191 ਮਿਤੀ 30 ਅਗਸਤ, 2023 ਦੁਆਰਾ ਪਿੰਡ ਸੁਜਾਤਵਾਲ ਅਤੇ ਚੂਹੜਵਾਲ ਲਈ ਜਾਰੀ ਕੀਤਾ ਗਿਆ ਸੀ ਅਤੇ ਪਿੰਡ ਜਮਾਲਪੁਰ ਲੇਲੀ ਤੇ ਕਾਸਾਬਾਦ ਦੀ ਈ.ਆਈ.ਏ. ਦੀ ਰਿਪੋਰਟ ਤਿਆਰ ਕਰਨ ਲਈ ਰੈਫ਼ਰੈਂਸ ਦੀਆਂ ਸ਼ਰਤਾਂ (ਟੀ.ਓ.ਆਰ.) SEIAA ਦੇ ਪੱਤਰ ਨੰਬਰ SEIAA/MS/2023/1545 ਮਿਤੀ 22 ਸਤੰਬਰ, 2023 ਦੁਆਰਾ ਜਾਰੀ ਕੀਤੀਆ ਗਈਆ ਹਨ। ਇਹ ਜਨਤਕ ਸੁਣਵਾਈ ਈ.ਆਈ.ਏ. ਨੋਟੀਫਿਕੇਸ਼ਨ, 2006 ਦੇ ਤਹਿਤ ਕੀਤੀ ਜਾ ਰਹੀ ਹੈ।
- ਕੋਈ ਜੰਗਲੀ ਜੀਵ ਸੈਨਚੂਰੀ, ਪੁਰਾਤੱਤਵ ਵਿਭਾਗ ਦੀ ਰੱਖ ਰਖਾਵ ਵਾਲਾ ਸਥਾਨ, ਰਾਖਵਾਂ/ਸੁਰੱਖਿਅਤ ਜੰਗਲ ਅਤੇ ਇਤਹਾਸਿਕ ਮਹੱਤਤਾ ਵਾਲੀ ਜਗ੍ਹਾ ਸਾਈਟ ਦੇ ਨੇੜੇ ਨਹੀ ਆਉਂਦੀ ਹੈ।
- ਮਾਈਨਿੰਗ ਲਈ ਮਸ਼ੀਨਰੀ ਦੀ ਵਰਤੋ ਕੀਤੀ ਜਾਵੇਗੀ ਅਤੇ ਮਾਈਨਿੰਗ ਲਈ 09 ਐਕਸੈਵੇਟਰਾਂ (0.9 ਮ$^3$ ਜਾਂ ਇਸ ਤੋਂ ਵੱਧ ਸਮਰੱਥਾ ਵਾਲੇ) ਦੀ ਵਰਤੋਂ ਕੀਤੀ ਜਾਵੇਗੀ। ਨੇੜੇ ਦੇ ਪਿੰਡਾਂ ਤੋਂ ਹੁਨਰਮੰਦ/ਅਰਧ-ਹੁਨਰਮੰਦ/ਅਣ-ਹੁਨਰਮੰਦ ਕਾਮੇ ਰੱਖੇ ਜਾਣਗੇ। ਮਾਈਨਿੰਗ ਸਿਰਫ ਦਿਨ ਵੇਲੇ ਹੀ ਕੀਤੀ ਜਾਵੇਗੀ।
- ਖਣਨ ਕੀਤੀ ਗਈ ਰੇਤ ਦੀ ਢੋਆ ਢੁਆਈ ਲਈ 10 ਟਨ ਸਮਰੱਥਾ ਦੇ 45 ਟਿਪਰਾ ਦੀ ਵਰਤੋ ਕੀਤੀ ਜਾਵੇਗੀ। ਆਵਾਜਾਈ ਵਾਲੇ ਰਸਤੇ ਉੱਪਰ ਪਾਣੀ ਦਾ ਛਿੜਕਾਅ ਟਰੈਕਟਰ ਟੈਕਰ ਦੁਆਰਾ ਕੀਤਾ ਜਾਵੇਗਾ।
- ਪਿੰਡ ਸੁਜਾਤਵਾਲ ਅਤੇ ਚੂਹੜਵਾਲ ਦੀ ਮਾਈਨਿੰਗ ਸਾਇਟ ਲਈ ਕੁੱਲ ਲਾਗਤ 10.0 ਕਰੋੜ ਹੈ ਅਤੇ ਪਿੰਡ ਜਮਾਲਪੁਰ ਲੇਲੀ ਅਤੇ ਕਾਸਾਬਾਦ ਲਈ ਕੁੱਲ ਲਾਗਤ 12.0 ਕਰੋੜ ਰੁਪਏ ਹੈ।
- ਪਿੰਡ ਸੁਜਾਤਵਾਲ ਅਤੇ ਚੂਹੜਵਾਲ ਲਈ ਜ਼ਮੀਨੀ ਪਾਣੀ ਦੀ ਕੁੱਲ ਖਪਤ 2.30 ਕਿਲੋ ਲੀਟਰ ਪ੍ਰਤੀ ਦਿਨ ਹੈ, ਜਿਸ ਵਿੱਚੋਂ 1.20 ਕਿਲੋ ਲੀਟਰ ਪ੍ਰਤੀ ਦਿਨ ਪਾਣੀ ਦੀ ਵਰਤੋਂ ਛਿੜਕਾਅ ਲਈ ਕੀਤੀ ਜਾਵੇਗੀ ਅਤੇ 1.10 ਕਿਲੋ ਲੀਟਰ ਪ੍ਰਤੀ ਦਿਨ ਸਾਈਟ ਉਪਰ ਘਰੇਲੂ ਲੋੜਾ ਲਈ ਵਰਤਿਆ ਜਾਵੇਗਾ ਅਤੇ ਪਿੰਡ ਜਮਾਲਪੁਰ ਲੇਲੀ ਅਤੇ ਕਾਸਾਬਾਦ ਲਈ ਕੁੱਲ ਜ਼ਮੀਨੀ ਪਾਣੀ ਦੀ ਖਪਤ 2.30 ਕਿਲੋ ਲੀਟਰ ਪ੍ਰਤੀ ਹੈ, ਜਿਸ ਵਿੱਚੋਂ 1.20 ਕਿਲੋ ਲੀਟਰ ਪ੍ਰਤੀ ਦਿਨ ਪਾਣੀ ਦੀ ਵਰਤੋਂ ਛਿੜਕਾਅ ਲਈ ਕੀਤੀ ਜਾਵੇਗੀ ਅਤੇ 1.10 ਕਿਲੋ ਲੀਟਰ ਪ੍ਰਤੀ ਦਿਨ ਸਾਈਟ ਉਪਰ ਘਰੇਲੂ ਲੋੜਾ ਲਈ ਵਰਤਿਆ ਜਾਵੇਗਾ ।
- ਪ੍ਰੋਜੈਕਟ ਦੇ 10 ਕਿਲੋਮੀਟਰ ਖੇਤਰ ਦੇ ਅੰਦਰ ਨੌਂ ਸਥਾਨਾਂ ਤੇ ਹਵਾ ਦੀ ਗੁਣਵੱਤਾ ਦੀ ਚੈਕਿੰਗ ਕੀਤੀ ਗਈ ਹੈ ਜਿਸ ਮੁਤਾਬਿਕ ਪੀਐਮ$_{10}$, ਪੀਐਮ$_{2.5}$, ਸਲਫਰ ਡਾਈਆਕਸਾਈਡ, ਨਾਈਟਰੋਜਨ ਡਾਈਆਕਸਾਈਡ ਦੀ ਗੁਣਵੱਤਾ ਨਿਰਧਾਰਤ ਮਾਪਦੰਡਾ ਦੇ ਅੰਦਰ ਪਾਈ ਗਈ ਹੈ।

- ਖੇਤਰ ਦੇ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਦਾ ਅਧਿਐਨ ਕੀਤਾ ਗਿਆ ਹੈ ਅਤੇ ਇਸ ਅਧਿਐਨ ਅਨੁਸਾਰ, ਧਰਤੀ ਹੇਠਲੇ ਪਾਣੀ ਵਿੱਚ ਕੋਈ ਧਾਤੂ ਅਤੇ ਬੈਕਟੀਰੀਆ ਦਾ ਪ੍ਰਦੂਸ਼ਣ ਨਹੀ ਪਾਇਆ ਗਿਆ ਹੈ।

ਇਸ ਤੋਂ ਬਾਅਦ, ਸਹਾਇਕ ਵਾਤਾਵਰਣ ਇੰਜੀਨੀਅਰ ਵੱਲੋਂ ਜਨਤਕ ਸੁਣਵਾਈ ਵਾਲੀ ਥਾਂ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14.09.2006 ਦੇ ਅਨੁਸਾਰ ਮੌਜੂਦ ਵਿਅਕਤੀ ਵਾਤਾਵਰਣ ਸਬੰਧੀ ਕੋਈ ਜਾਣਕਾਰੀ ਜਾਂ ਸਪਸ਼ਟੀਕਰਨ ਦੀ ਮੰਗ ਕਰ ਸਕਦੇ ਹਨ। ਉਥੇ ਮੌਜੂਦ ਵਿਅਕਤੀਆਂ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਕਿ ਉਨ੍ਹਾਂ ਦੁਆਰਾ ਮੰਗੀ ਗਈ ਜਾਣਕਾਰੀ ਜਾਂ ਸਪਸ਼ਟੀਕਰਨ ਅਤੇ ਪ੍ਰਾਜੈਕਟ ਪ੍ਰਸਤਾਵਕ ਵੱਲੋਂ ਦਿੱਤੇ ਗਏ ਜਵਾਬ ਸੁਣਵਾਈ ਦੀ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ, ਜਿਸ ਨੂੰ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲੇ ਨੂੰ ਭੇਜਿਆ ਜਾਵੇਗਾ। ਸੁਣਵਾਈ ਵਿੱਚ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਉਹ ਇੱਕ—ਇੱਕ ਕਰਕੇ ਪ੍ਰੋਜੈਕਟ ਬਾਰੇ ਵਾਤਾਵਰਣ ਸਬੰਧੀ ਜਾਣਕਾਰੀ ਜਾਂ ਸਪਸ਼ਟੀਕਰਨ ਲੈਣ ਲਈ ਕਿਹਾ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਕੋਲ ਅਜੇ ਤੱਕ ਪ੍ਰਾਜੈਕਟ ਬਾਰੇ ਕੋਈ ਜਾਣਕਾਰੀ / ਸਪਸ਼ਟੀਕਰਨ / ਟਿਪਣੀਆਂ / ਵਿਚਾਰ / ਸੁਝਾਅ / ਇਤਰਾਜ਼ ਜਨਤਾ ਪਾਸੋਂ ਪ੍ਰਾਪਤ ਨਹੀਂ ਹੋਏ ਹਨ।

ਸੁਣਵਾਈ ਦੇ ਸਥਾਨ 'ਤੇ ਮੌਜੂਦ ਵਿਅਕਤੀਆਂ ਦੁਆਰਾ ਮੰਗੀ ਗਈ ਜਾਣਕਾਰੀ/ਸਪਸ਼ਟੀਕਰਨ ਅਤੇ ਪ੍ਰੋਜੈਕਟ ਪ੍ਰਸਤਾਵਕ ਦੁਆਰਾ ਦਿੱਤੇ ਗਏ ਜਵਾਬ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

1. **ਸ਼੍ਰੀ. ਰਛਪਾਲ ਸਿੰਘ ਵਾਸੀ ਪਿੰਡ ਜਮਾਲਪੁਰ ਲੇਲੀ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।**

   **ਪ੍ਰਸ਼ਨ:**

   ਮੈਂ ਪੰਜਾਬ ਸਰਕਾਰ ਅਤੇ ਸਮੂਹ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੇ ਪਿੰਡਾਂ ਵਿੱਚ ਇਨ੍ਹਾਂ ਮਾਈਨਿੰਗ ਸਾਈਟਾਂ ਨੂੰ ਮਨਜ਼ੂਰੀ ਦੇ ਕੇ ਇਲਾਕੇ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ।

   **ਜੁਆਬ:**

   ਕੋਈ ਜਵਾਬ ਨਹੀਂ ਦਿੱਤਾ ਗਿਆ ਕਿਉਂਕਿ ਸਵਾਲ ਵਿੱਚ ਕੋਈ ਜਾਣਕਾਰੀ ਨਹੀਂ ਮੰਗੀ ਗਈ ਸੀ

2. **ਸ਼੍ਰੀ. ਸੰਦੀਪ ਸਿੰਘ, ਵਾਸੀ ਪਿੰਡ ਜਮਾਲਪੁਰ ਲੇਲੀ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।**

   **ਪ੍ਰਸ਼ਨ:**

   ਮਾਈਨਿੰਗ 'ਤੇ ਕੋਈ ਇਤਰਾਜ਼ ਨਹੀਂ ਹੈ ਪਰ ਮੈਂ ਬੇਨਤੀ ਕਰਦਾ ਹਾਂ ਕਿ ਸਾਨੂੰ ਸਕੂਲ ਅਤੇ ਪਾਣੀ ਦੀ ਟੈਂਕੀ ਦੇ ਨੀਵੇ ਏਰੀਏ ਨੂੰ ਭਰਨ ਲਈ ਕੁਝ ਮੈਟੀਰੀਅਲ ਮੁਹੱਈਆ ਕਰਵਾਇਆ ਜਾਵੇ।

   **ਸ਼੍ਰੀ ਰਜਨੀਸ਼ ਅਰੋੜਾ, ਐਸ.ਡੀ.ਐਮ, ਲੁਧਿਆਣਾ (ਪੂਰਬੀ) ਜੀ ਵੱਲੋ ਜੁਆਬ ਦਿੱਤਾ ਗਿਆ:**

ਨੀਵੇਂ ਖੇਤਰ ਵਿੱਚ ਭਰਨ ਲਈ ਪਿੰਡ ਦੇ ਛੱਪੜ ਦੀ ਗਾਰ ਨੂੰ ਵਰਤਿਆ ਜਾਵੇ ਕਿਉਂਕਿ ਇਹ ਦੋ ਉਦੇਸ਼ਾਂ ਦੀ ਪੂਰਤੀ ਕਰੇਗਾ ਜਿਵੇਂ ਕਿ ਛੱਪੜ ਦੀ ਸਫ਼ਾਈ ਦੇ ਨਾਲ-ਨਾਲ ਨੀਵੇਂ ਖੇਤਰ ਦੀ ਭਰਾਈ ਵੀ ਹੋ ਜਾਵੇਗੀ।

ਸਹਾਇਕ ਵਾਤਾਵਰਣ ਇੰਜੀਨੀਅਰ, ਪੀਪੀਸੀਬੀ ਨੇ ਸੁਣਵਾਈ ਵਾਲੇ ਸਥਾਨ ਤੇ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਜੇਕਰ ਕੋਈ ਹੋਰ ਵਿਅਕਤੀ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਕੋਈ ਜਾਣਕਾਰੀ/ ਸਪਸ਼ਟੀਕਰਨ ਲੈਣਾ ਚਾਹੁੰਦਾ ਹੈ ਤਾਂ ਅੱਗੇ ਆ ਕੇ ਪੁੱਛ ਸਕਦਾ ਹੈ, ਪਰ ਕੋਈ ਵਿਅਕਤੀ ਅੱਗੇ ਨਹੀ ਆਇਆ। ਉਸ ਤੋ ਬਾਅਦ ਜਨਤਕ ਸੁਣਵਾਈ ਵਿੱਚ ਮੌਜੂਦ ਲੋਕਾਂ ਨੂੰ ਆਪਣੇ ਹੱਥ ਖੜੇ ਕਰਨ ਲਈ ਕਿਹਾ ਗਿਆ ਜ਼ੋ ਕਿ ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਹਨ। 39 ਵਿਅਕਤੀਆਂ (ਕੁੱਲ ਮੌਜੂਦ ਲੋਕਾਂ ਦਾ 100 ਪ੍ਰਤੀਸ਼ਤ) ਵੱਲੋ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਆਪਣੇ ਹੱਥ ਖੜੇ ਕੀਤੇ ਗਏ।ਇਸ ਜਨਤਕ ਸੁਣਵਾਈ ਵਿੱਚ 39 ਵਿਅਕਤੀਆਂ ਵੱਲੋ ਭਾਗ ਲਿਆ ਗਿਆ।

ਉਸ ਤੋ ਬਾਅਦ ਸੁਪਰਵਾਈਜ਼ਰ—ਕਮ—ਪ੍ਰਜਾਈਡਿੰਗ ਅਫਸਰ ਵੱਲੋ ਮੌਕੇ ਤੇ ਮੌਜੂਦ ਲੋਕਾਂ ਨੂੰ ਦੱਸਿਆ ਗਿਆ ਕਿ ਇਸ ਲੋਕ ਸੁਣਵਾਈ ਦੀ ਸਾਰੀ ਕਾਰਵਾਈ ਦੀ ਵੀਡੀਉ /ਆਡੀਉ ਰਿਕਾਡਿੰਗ ਕੀਤੀ ਗਈ ਹੈ।

ਜਨਤਕ ਸੁਣਵਾਈ ਸੁਪਰਵਾਈਜ਼ਰ—ਕਮ—ਪ੍ਰਜਾਈਡਿੰਗ ਅਫਸਰ ਅਤੇ ਹਾਜਰ ਵਿਅਕਤੀਆਂ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

| | | |
|---|---|---|
| (ਰਾਜਵੀਰ ਸਿੰਘ)<br>ਫੰਕਸ਼ਨਲ ਮੈਨੇਜਰ,<br>ਜ਼ਿਲ੍ਹਾ ਉਦਯੋਗਿਕ ਸੈਂਟਰ,<br>ਲੁਧਿਆਣਾ। | (ਭੀਸ਼ਮ)<br>ਸਹਾਇਕ ਵਾਤਾਵਰਣ<br>ਇੰਜੀਨੀਅਰ,<br>ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,<br>ਖੇਤਰੀ ਦਫਤਰ —3,<br>ਲੁਧਿਆਣਾ। | (ਸ੍ਰੀ, ਰਜਨੀਸ਼ ਅਰੋੜਾ, ਪੀ ਸੀ ਐਸ)<br>ਉਪ-ਮੰਡਲ ਮਜਿਸਟ੍ਰੇਟ,<br>ਲੁਧਿਆਣਾ (ਪੂਰਬੀ) |